# ਨੋਟਿਸ ਸ਼ੀਟ

ਕੌਂਸਲਰ ਸੰਬੰਧਾਂ ਬਾਰੇ ਵਿਏਨ੍ਨਾ ਕਨਵੈਨਸ਼ਨ ਦੇ ਆਰਟੀਕਲ 36 ਸੈਕਸ਼ਨ 1 ਅੱਖਰ ਬੀ ਦੇ ਅਨੁਸਾਰ ਫੈਡਰਲ ਜਰਮਨੀ ਜ਼ਿੰਮੇਵਾਰ ਹੈ, ਕਿ ਤੁਹਾਡੇ ਗ੍ਰਹਿ ਦੇਸ਼ ਦੇ ਕੌਂਸਲਰ ਮਿਸ਼ਨ ਨੂੰ ਤੁਹਾਡੀ ਬੇਨਤੀ ਕਰਨ 'ਤੇ ਤੁਰੰਤ ਤੁਹਾਡੇ ਆਜ਼ਾਦੀ ਤੋਂ ਵਾਂਝੇ ਹੋਣ ਮਤਲਬ ਤੁਹਾਡੀ ਨਜ਼ਰਬੰਦੀ ਬਾਰੇ ਸੂਚਿਤ ਕਰੇ । ਇਸ ਬਾਰੇ ਜਾਣਕਾਰੀ ਅਦਾਲਤ ਵੱਲੋਂ, ਸਰਕਾਰੀ ਵਕੀਲ ਦੇ ਦਫਤਰ ਦੀ ਤਰਫੋਂ ਜਾਂ ਉਹ ਸੰਸਥਾ ਜਿਸ ਵਿੱਚ ਤੁਹਾਨੂੰ ਨਜ਼ਰਬੰਦੀ ਕੀਤੀ ਜਾ ਰਿਹਾ ਹੈ, ਦਿੱਤੀ ਜਾਵੇਗੀ ।

ਇਸ ਦੇ ਨਾਲ ਨਾਲ ਤੁਹਾਡੇ ਦੇਸ਼ ਵਿਚ ਵਿਦੇਸ਼ੀ ਨੁਮਾਇੰਦਗੀ ਕਰਨ ਵਾਲੀ ਆਥਾਰਟੀ, **ਬਸ਼ਰਤੇ ਤੁਸੀਂ ਇਸ ਨੂੰ ਆਪਣੀ ਸਹਿਮਤੀ ਦਿੰਦੇ ਹੋ, ਤੁਹਾਡੀ ਅਜ਼ਾਦੀ ਤੋਂ ਵਾਂਝੇ ਹੋਣ ਜਾਂ ਨਜ਼ਰਬੰਦੀ ਦੀਆਂ ਤੱਥਾਂ ਬਾਰੇ ਵੀ ਜਾਣਕਾਰੀ ਦੇ ਸਕਦੀ ਹੈ** । ਇਹ ਸਹਿਮਤੀ ਕਿਸੇ ਵੀ ਸਮੇਂ ਰੱਦ ਕਰਵਾਈ ਜਾ ਸਕਦੀ ਹੈ ।

ਇਸ ਤੋਂ ਇਲਾਵਾ ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ, ਕਿ ਫੈਡਰਲ ਜਰਮਨੀ ਅਤੇ ਵੱਖ-ਵੱਖ ਰਾਜਾਂ ਦੇ ਵਿੱਚਕਾਰ, ਸਮਝੌਤੇ ਸਿੱਟੇ ਕੀਤੇ ਗਏ ਹਨ, ਜਿਸ ਦੇ ਅਨੁਸਾਰ ਵਿਦੇਸ਼ਾਂ ਵਿੱਚ ਕੂਟਨੀਤਕ ਮਿਸ਼ਨ ਇਸ ਬਾਰੇ ਸੂਚਿਤ ਕਰਨ ਲਈ ਇੱਕ ਜ਼ਿੰਮੇਵਾਰੀ ਪ੍ਰਦਾਨ ਕਰਦਾ ਹੈ, ਭਾਵੇਂ ਇਸ ਵਿੱਚ ਤੁਹਾਡੀ ਮਰਜ਼ੀ ਦੇ ਬਗੈਰ ਜਾਂ ਇਸਦੇ ਵਿਰੁੱਧ ਜਾ ਕੇ ਉਨਹਾਂ ਨੂੰ ਸੂਚਿਤ ਕਰਨਾ ਪਏ । ਇਸ ਵੇਲੇ ਇਹ ਸਮਝੌਤੇ ਹੇਠਾਂ ਦਿੱਤੇ ਦੇਸ਼ਾਂ ਨਾਲ ਮੌਜੂਦ ਹਨ:

**ਡੋਮੀਨੀਕਾ, ਫਿਜੀ, ਗ੍ਰੇਨਾਡਾ, ਗ੍ਰੀਸ, ਗੁਆਇਨਾ, ਇਟਲੀ, ਜਮੈਕਾ, ਲੈਸੋਥੋ, ਮਾਲਾਵੀ, ਮਾਲਟਾ, ਮਾਰੀਸ਼ਸ, ਮੋਨਾਕੋ, ਸੀਅਰਾ ਲਿਓਨ, ਸਪੇਨ *, ਸੇਂਟ ਕਿੱਟਸ ਅਤੇ ਨੇਵਿਸ, ਸੇਂਟ ਵਿਨਸੈਂਟ ਐਂਡ ਗ੍ਰੇਨਾਡੀਨਜ਼, ਟਿਯੂਨੀਸ਼ੀਆ, ਯੂਨਾਈਟਿਡ ਕਿੰਗਡਮ ਆਫ਼ ਗ੍ਰੇਟ ਬ੍ਰਿਟੇਨ ਅਤੇ ਉੱਤਰੀ ਆਇਰਲੈਂਡ (ਚੈਨਲ ਆਈਲੈਂਡਜ਼, ਆਈਲ ਆਫ਼ ਮੈਨ ਅਤੇ ਬ੍ਰਿਟਿਸ਼ ਓਵਰਸੀਜ਼ ਟੈਰੀਟਰੀਜ਼ (ਐਂਗੁਇਲਾ, ਬਰਮੁਡਾ, ਬ੍ਰਿਟਿਸ਼ ਵਰਜਿਨ ਆਈਲੈਂਡਜ਼, ਫਾਕਲੈਂਡ ਆਈਲੈਂਡਜ਼, ਜਿਬਰਾਲਟਰ, ਕੇਮੈਨ ਆਈਲੈਂਡਜ਼, ਮੌਂਟੇਸਰਟ, ਪਿਟਕੇਰਨ ਆਈਲੈਂਡਜ਼, ਸੇਂਟ ਹੇਲੇਨਾ, ਅਸੈਂਸ਼ਨ ਅਤੇ ਟ੍ਰਿਸਟਨ ਡਾ ਕੁੰਹਾ ਸਮੇਤ) ਤੁਰਕਸ ਐਂਡ ਕੈਕੋਸ ਆਈਲੈਂਡਜ਼)), ਸਾਈਪ੍ਰਸ ।**

ਜੇ ਤੁਹਾਡੇ ਪਾਸ ਇਨ੍ਹਾਂ ਦੇਸ਼ਾਂ ਵਿੱਚੋਂ ਕਿਸੇ ਇੱਕ ਦੇਸ਼ ਦੀ ਨਾਗਰਿਕਤਾ ਹੈ, ਤੁਹਾਡੇ ਦੇਸ਼ ਵਿਚ ਵਿਦੇਸ਼ੀ ਨੁਮਾਇੰਦਗੀ ਕਰਨ ਵਾਲੀ ਆਥਾਰਟੀ ਹਰ ਸੂਰਤ ਵਿਚ - ਤਾਂ ਵੀ ਜੇ ਤੁਹਾਡੀ ਮਰਜੀ ਨਾ ਹੋਵੇ – ਅਦਾਲਤ ਵੱਲੋਂ, ਸਰਕਾਰੀ ਵਕੀਲ ਦੇ ਦਫਤਰ ਦੀ ਤਰਫੋਂ ਜਾਂ ਉਹ ਸੰਸਥਾ ਜਿਸ ਵਿੱਚ ਜਿਥੇ ਤੁਹਾਨੂੰ ਨਜ਼ਰਬੰਦ ਕੀਤਾ ਜਾ ਰਿਹਾ ਹੈ, ਤੁਹਾਡੇ ਨਜ਼ਰਬੰਦ ਹੋਣ ਬਾਰੇ ਜਾਣਕਾਰੀ ਦਿੱਤੀ ਜਾਵੇਗੀ ।

ਬੇਸ਼ਕ ਤੁਸੀਂ ਅਜਿਹਾ ਕਰਨ ਲਈ ਸੁਤੰਤਰ ਹੋ, ਤੁਹਾਡੇ ਦੇਸ਼ ਵਿਚ ਵਿਦੇਸ਼ੀ ਨੁਮਾਇੰਦਗੀ ਕਰਨ ਵਾਲੀ ਆਥਾਰਟੀ ਨੂੰ ਤੁਸੀ ਖੁਦ ਨਿੱਜਾ ਤੌਰ ਤੇ ਅਪਣੀ ਨਜ਼ਰਬੰਦੀ ਬਾਰੇ ਜਾਣਕਾਰੀ ਦੇ ਸਕਦੇ ਹੋ । ਤੁਸੀਂ ਕਿਸੇ ਵੀ ਸਮੇਂ ਉਸਨੂੰ ਹੋਰ ਸੰਚਾਰ ਵੀ ਭੇਜ ਸਕਦੇ ਹੋ ।

* ਕਿਰਪਾ ਕਰਕੇ ਯਾਦ ਰੱਖੋ, ਕਿ ਇੱਕ ਐਕਸ ਆਫਿਸਿਓ ਨੋਟੀਫਿਕੇਸ਼ਨ ਕੇਵਲ ਤਾਂ ਹੀ ਲਾਗੂ ਕੀਤੀ ਜਾ ਸਕਦੀ ਹੈ, ਜੇ ਤੁਸੀਂ ਅਸਮਰੱਥ ਹੋ, ਤੁਹਾਡੇ ਗ੍ਰਹਿ ਦੇਸ਼ ਵਿੱਚ ਸਭ ਤੋਂ ਨੇੜਲੇ ਕੌਂਸਲਰ ਪੋਸਟ ਨੂੰ ਸੂਚਿਤ ਕਰਨਾ ਤੁਹਾਡੇ ਖੁਦ ਲਈ ਸੰਭਵ ਨਾ ਹੋਵੇ ।